# ਧੂੰਆਂ ਮੁਕਤ ਓਨਟੈਰੀਓ ਕਨੂੰਨ 2005

## ਕਨੂੰਨ ਕਿਵੇਂ ਪ੍ਰਭਾਵਿਤ ਕਰਦਾ ਹੈ: ਮੂਲ ਨਿਵਾਸੀਆਂ ਨੂੰ

### ਮੂਲ ਆਧਾਰ

- ਧੂੰਆਂ ਰਹਿਤ ਓਨਟੈਰੀਓ ਕਨੂੰਨ 31ਮਈ, 2006 ਨੂੰ ਲਾਗੂ ਹੋ ਰਿਹਾ ਹੈ।
- ਇਹ ਕਨੂੰਨ ਓਨਟੈਰੀਓ ਵਿੱਚ ਬੰਦ ਕੰਮ ਦੀਆਂ ਥਾਵਾਂ ਅਤੇ ਬੰਦ ਜਨਤਕ ਥਾਵਾਂ 'ਤੇ ਸਿਗਰੇਟ ਪੀਣ ਤੋਂ ਮਨਾਹੀ ਕਰਦਾ ਹੈ ਤਾਕਿ ਕਰਮਚਾਰੀਆਂ ਅਤੇ ਜਨਤਾ ਨੂੰ ਦੂਜੇ ਹੱਥ ਦੇ ਧੂਏਂ ਦੇ ਨੁਕਸਾਨਾਂ ਤੋਂ ਬਚਾਇਆ ਜਾ ਸਕੇ।

### ਛੋਟ-ਮੂਲ ਨਿਵਾਸੀ

ਬੰਦ ਕੰਮ ਦੀਆਂ ਥਾਵਾਂ ਅਤੇ ਬੰਦ ਜਨਤਕ ਥਾਵਾਂ 'ਤੇ ਸਿਗਰੇਟ ਪੀਣ ਤੋਂ ਮਨਾਹੀ ਦੇ ਬਾਵਜੂਦ, ਇੱਕ ਮੂਲ ਨਿਵਾਸੀ ਦਾ ਤੰਬਾਕੂ ਦੀ ਵਰਤੋਂ ਕਰਨ ਦਾ ਹੱਕ ਹੈ ਜੇਕਰ ਇਹ ਪਰੰਪਰਾਗਤ ਮੂਲ ਸਾਂਸਕਰਿਤਿਕ ਜਾਂ ਆਤਮਿਕ ਉਦੇਸ਼ਾਂ ਲਈ ਵਰਤਿਆ ਜਾਂਦਾ ਹੈ।

ਹਸਪਤਾਲਾਂ (ਸਰਕਾਰੀ ਅਤੇ ਨਿਜੀ), ਲੰਬੇ ਅਰਸੇ ਲਈ ਸੰਭਾਲ ਲਈ ਘਰ ਅਤੇ ਮਾਨਸਿਕ ਹਸਪਤਾਲਾਂ ਦੇ ਮੂਲ ਵਸਨੀਕਾਂ ਨੂੰ ਇਹ ਹੱਕ ਹੈ ਕਿ ਉਹਨਾਂ ਨੂੰ ਅੰਦਰਵਾਰ ਇੱਕ ਜਗਾਹ ਦਿੱਤੀ ਜਾਵੇ ਜਿੱਥੇ ਉਹ ਪਰੰਪਰਾਗਤ ਸਾਂਸਕਰਿਤਿਕ ਅਤੇ ਆਤਮਿਕ ਉਦੇਸ਼ਾਂ ਲਈ ਤੰਬਾਕੂ ਦੀ ਵਰਤੋਂ ਕਰ ਸਕਣ।

### ਸੰਚਾਲਕਾਂ ਦੀਆਂ ਜੁੰਮੇਵਾਰੀਆਂ

- ਇੱਕ ਮੂਲ ਨਿਵਾਸੀ ਵੱਲੋਂ ਬਿਨਤੀ ਕਰਨ 'ਤੇ ਸੰਚਾਲਕ ਅੰਦਰਵਾਰ ਇੱਕ ਜਗਾਹ ਨਿਰਧਾਰਤ ਕਰੇ ਜਿੱਥੇ ਪਰੰਪਰਾਗਤ ਸਾਂਸਕਰਿਤਿਕ ਅਤੇ ਆਤਮਿਕ ਉਦੇਸ਼ਾਂ ਲਈ ਤੰਬਾਕੂ ਦੀ ਵਰਤੋਂ ਕੀਤੀ ਜਾ ਸਕੇ।
- ਇਹ ਜਗਾਹ ਕਿਸੇ ਨਿਯੰਤਰਣ ਹੇਠ ਸਿਗਰੇਟ ਪੀਣ ਦੀ ਜਗਾਹ ਤੋਂ ਵਖਰੀ ਹੋਣੀ ਚਾਹੀਦੀ ਹੈ।

### ਪਾਲਣਾ

ਸਰਕਾਰ ਇਹ ਪਹਿਚਾਣਦੀ ਹੈ ਕਿ ਇਸ ਕਨੂੰਨ ਨੂੰ ਸੁਰੱਖਿਅਤ ਜਗਾਹ 'ਤੇ ਲਾਗੂ ਕਰਣ ਸੰਬਧੀ ਅਨੋਖੇ ਮੁੱਦੇ ਹਨ।
ਸਰਕਾਰ ਸੁਰੱਖਿਅਤ ਜਗਾਹ 'ਤੇ ਦੂਜੇ ਹੱਥ ਦੇ ਧੂੰਏਂ ਦੇ ਅਸਰ ਨੂੰ ਘਟਾਉਣ ਲਈ ਪਹਿਲੇ ਰਾਸ਼ਟਰ ਦੇ ਭਾਈਚਾਰਿਆਂ ਨੂੰ ਜੋੜਣ ਲਈ ਅਤੇ ਇਹਨਾਂ ਭਾਈਚਾਰਿਆਂ ਵਿੱਚ ਉੱਚੀਆਂ ਦਰਾਂ ਵਿੱਚ ਹੋਣ ਵਾਲੀ ਵਪਾਰਕ ਤੰਬਾਕੂ ਦੀ ਵਰਤੋਂ ਲਈ ਸਾਂਸਕਰਿਤਿਕ ਰੂਪ ਵਿੱਚ ਸਹੀ ਤੰਬਾਕੂ ਪ੍ਰਤੀ ਸਿੱਖਿਆ, ਛੱਡਣ ਅਤੇ ਬਚਾਵ ਦੀਆਂ ਕਾਰਵਾਹੀਆਂ ਰਾਹੀਂ ਇਸ ਨਾਲ ਨਿਪਟਣ ਲਈ ਵਚਨਬੱਧ ਹੈ।

## ਜੁਰਮਾਨੇ

ਕਿਸੇ ਵਿਅਕਤੀ ਨੂੰ ਕਨੂੰਨ ਦੇ ਇਸ ਭਾਗ ਅਧੀਨ ਦੋਸ਼ੀ ਪਾਏ ਜਾਣ 'ਤੇ ਜੁਰਮਾਨਾ ਹੋ ਸਕਦਾ ਹੈ। ਕਿਸੇ ਸੰਸਥਾ ਨੂੰ ਵੀ ਕਨੂੰਨ ਦੇ ਇਸ ਭਾਗ ਅਧੀਨ ਦੋਸ਼ੀ ਪਾਏ ਜਾਣ 'ਤੇ ਜੁਰਮਾਨਾ ਹੋ ਸਕਦਾ ਹੈ।

ਇਹ ਤੱਤ ਸ਼ੀਟ ਕੇਵਲ ਜ਼ਲਦੀ ਦੇਖਣ ਦੇ ਕੰਮ ਆਉਣ ਲਈ ਹੈ। ਜਿਆਦਾ ਜਾਣਕਾਰੀ ਲਈ, ਕਿਰਪਾ ਕਰ ਕੇ ਅਪਣੀ ਸਥਾਨੀਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

ਤੁਸੀਂ ਮੁਫ਼ਤ ਫ਼ੋਨ ਕਰ ਕੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ:

- **ਇੰਫੋਲਾਇਨ** 1-866-396-1760
- **ਉੱਚਾ ਸੁਨਣ ਵਾਲਿਆਂ ਲਈ** 1-800-387-5559

ਕੰਮ ਦਾ ਸਮਾਂ: ਸੋਮਵਾਰ ਤੋਂ ਸ਼ੁੱਕਰਵਾਰ, 8:30 ਵਜੇ ਸਵੇਰ ਤੋਂ 5:00 ਵਜੇ ਸ਼ਾਮ

ਧੂੰਆਂ ਰਹਿਤ ਓਨਟੈਰੀਓ ਕਨੂੰਨ ਦੀ ਹੋਰ ਜਾਣਕਾਰੀ ਲਈ, ਕਿਰਪਾ ਕਰ ਕੇ ਓਨਟੈਰੀਓ ਸੇਹਤ ਉੱਨਤੀ ਮੰਤਰਾਲੇ ਦੀ ਵੇਬਸਾਇਟ ਤੇ ਜਾਓ: http://www.mhp.gov.on.ca/english/health/smoke_free/legislation.asp.

ਮਈ 2006



Ontario